## ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ

**ਸਹਿਕਾਰਤਾ ਲਹਿਰ**

ਸਹਿਕਾਰਤਾ ਵਿਭਾਗ ਦੀ ਜ਼ਿਲ੍ਹਾ ਪੱਧਰ ਤੇ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ਦੀ ਆਸਾਮੀ ਹੈ, ਜਿਸ ਅਧੀਨ ਚਾਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਗੜ੍ਹਸ਼ੰਕਰ, ਹੁਸ਼ਿਆਰਪੁਰ, ਦਸੂਹਾ ਅਤੇ ਮੁਕੇਰੀਆਂ ਹਨ। ਜਿਨ੍ਹਾਂ ਅਧੀਨ ਖੇਤਰ ਵਿੱਚ 109 ਨਿਰੀਖਕ ਸਹਿਕਾਰੀ ਸਭਾਵਾਂ ਦੀਆਂ ਆਸਾਮੀਆਂ ਹਨ। ਜ਼ਿਲ੍ਹਾ ਪੱਧਰ ਤੇ ਇੱਕ ਕੇਂਦਰੀ ਸਹਿਕਾਰੀ ਬੈਂਕ ਹੈ। ਜਿਸ ਦੀਆਂ ਜ਼ਿਲ੍ਹਾ ਭਰ ਵਿੱਚ 61 ਬਰਾਂਚਾਂ ਹਨ। ਜ਼ਿਲ੍ਹਾ ਭਰ ਵਿੱਚ 295 ਸਹਿਕਾਰੀ ਸਭਾਵਾਂ ਹਨ। ਸਹਿਕਾਰਤਾ ਵਿਭਾਗ ਵੱਲੋਂ ਆਪਣੀਆਂ ਵੱਖ-ਵੱਖ ਸਕੀਮਾਂ ਅਧੀਨ ਸਹਿਕਾਰੀ ਬੈਂਕ ਰਾਹੀਂ ਲੋਕਾਂ ਨੂੰ ਕਰਜ਼ਾ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

1. **ਕਿਸਾਨਾਂ ਨੂੰ ਕੈਸ਼ ਕਰੈਡਿਟ ਦੀ ਸਹੂਲਤ**

ਕਿਸਾਨ ਵੀਰਾਂ ਨੂੰ ਪੰਜਾਬ ਸਰਕਾਰ ਵੱਲੋਂ ਸਹਿਕਾਰੀ ਬੈਂਕਾਂ ਰਾਹੀਂ ਰਿਵਾਲਵਿੰਗ ਕੈਸ਼ ਕਰੈਡਿਟ ਕਰਜ਼ੇ ਦੀ ਸਹੂਲਤ ਦਿੰਦੀ ਹੈ। ਇਸ ਸਕੀਮ ਅਧੀਨ ਕੋਈ ਵੀ ਕਿਸਾਨ ਜਿਸ ਕੋਲ ਆਪਣੀ ਜ਼ਮੀਨ ਹੋਵੇ, ਪ੍ਰਤੀ ਏਕੜ 20,000/- ਰੁਪਏ ਦੀ ਦਰ ਨਾਲ ਵੱਧ ਤੋਂ ਵੱਧ ਦੋ ਲੱਖ ਰੁਪਏ ਦੀ ਕੈਸ਼ ਕਰੈਡਿਟ ਲਿਮਟ ਲੈ ਸਕਦਾ ਹੈ। ਇਸ ਲਈ ਉਸ ਨੂੰ ਆਪਣੀ ਇੱਕ ਏਕੜ ਜਾਂ ਦੋ ਏਕੜ ਬਰਾਨੀ ਜ਼ਮੀਨ ਬੈਂਕ ਦੇ ਨਾਮ ਆੜ-ਰਹਿਣ ਕਰਨੀ ਹੋਵੇਗੀ ਅਤੇ ਕਿਸਾਨਾਂ ਨੂੰ ਆਪਣੀ ਜ਼ਰਾਇਤੀ ਸਹਿਕਾਰੀ ਸੇਵਾ ਸਭਾ ਦਾ ਮੈਂਬਰ ਹੋਣ ਦੇ ਨਾਲ-ਨਾਲ ਬੈਂਕ ਦਾ ਨਾਮੀਨਲ ਮੈਂਬਰ ਬਣਨਾ ਹੋਵੇਗਾ।

2. **ਕਿਸਾਨ ਕਰੈਡਿਟ ਕਾਰਡ**

ਬੈਂਕ ਜ਼ਿਮੀਦਾਰਾਂ ਨੂੰ 2001-2002 ਤੋਂ ਕਿਸਾਨ ਕਰੈਡਿਟ ਕਾਰਡ ਦੀ ਸਹੂਲਤ ਦਿੰਦੀ ਹੈ, ਜਿਸ ਸਕੀਮ ਅਧੀਨ ਜ਼ਿਮੀਦਾਰ ਆਪਣੀ ਲੋੜ ਅਨੁਸਾਰ ਐਮ.ਸੀ.ਐਲ. ਮੁਤਾਬਿਕ ਜਦੋਂ ਵੀ ਚਾਹੁਣ ਬੈਂਕ ਤੋਂ ਕਰਜ਼ਾ ਲੈ ਸਕਦੇ ਹਨ ਅਤੇ ਆਪਣੀ ਸੁਵਿਧਾ ਅਨੁਸਾਰ ਵਾਪਸ ਕਰ ਸਕਦੇ ਹਨ।

3. **ਕਿਸਾਨ ਕਰੈਡਿਟ ਹੋਲਡਰਾਂ ਨੂੰ ਬੀਮੇ ਦੀ ਸਹੂਲਤ**

ਇਸ ਸਕੀਮ ਅਧੀਨ ਕਿਸਾਨ ਕਾਰਡ ਹੋਲਡਰਾਂ ਨੂੰ 15/- ਰੁਪਏ ਦੀ ਪ੍ਰੀਮੀਅਮ ਨਾਲ 50,000/- ਰੁਪਏ ਤੱਕ ਦੀ ਦੁਰਘਟਨਾ ਬੀਮਾ ਸਬੰਧੀ ਸਹੂਲਤ ਦਿੱਤੀ ਗਈ ਹੈ।

4. **ਨਾਨ ਫਾਰਮ ਸੈਕਟਰ**

ਇਸ ਸਕੀਮ ਅਧੀਨ ਹੇਠ ਲਿਖੇ ਕਰਜ਼ੇ ਜਾਰੀ ਕੀਤੇ ਜਾਂਦੇ ਹਨ :-

(ੳ) **ਵਪਾਰੀਆਂ ਲਈ ਕੈਸ਼ ਕਰੈਡਿਟ ਲਿਮਟ**

ਇਸ ਸਕੀਮ ਅਧੀਨ ਦੁਕਾਨਦਾਰ, ਉਦਯੋਗਪਤੀਆਂ, ਸਨਅਤਕਾਰ, ਰਜਿਸਟਰ ਸਰਕਾਰੀ, ਅਰਧ ਸਰਕਾਰੀ ਅਤੇ ਕਿੱਤਾ ਮੁੱਖੀ ਜਿਵੇਂ ਕਿ ਡਾਕਟਰ, ਇੰਜੀਨੀਅਰ ਆਦਿ ਨੂੰ 10,00,000/- ਰੁਪਏ ਤੱਕ ਦੀ ਕੈਸ਼ ਕਰੈਡਿਟ ਲਿਮਟ ਦੀ ਸਹੂਲਤ ਹੈ। ਜਿਸ ਦੀ ਵਿਆਜ਼ ਦਰ 2,00,000/- ਰੁਪਏ ਤੱਕ 12.50 ਪ੍ਰਤੀਸ਼ਤ ਤਿਮਾਹੀ ਅਤੇ ਇਸ ਤੋਂ ਵੱਧ ਰਕਮ ਲਈ 13 ਪ੍ਰਤੀਸ਼ਤ ਤਿਮਾਹੀ ਹੈ।

(ਅ) **ਟਰੱਕ, ਟੈਂਪੂ, ਬੱਸ, ਟੈਕਸੀ ਅਤੇ ਆਟੋ ਰਿਕਸ਼ਾ ਵਾਹਨ**

ਇਸ ਸਕੀਮ ਅਧੀਨ ਕੋਈ ਵੀ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਪਾਰਟਨਰਸ਼ਿਪ ਫਰਮ

ਪ੍ਰੋਪਰਾਈਟਰਸ਼ਿਪ ਫਰਮ ਅਤੇ ਸਹਿਕਾਰੀ ਸੰਸਥਾ ਟਰੱਕ ਅਤੇ ਟੈਂਪੂ ਵਾਹਨ ਖਰੀਦਣ ਲਈ ਮਾਲੀ ਸਹਾਇਤਾ ਲੈ ਸਕਦਾ ਹੈ। ਇਹਨਾਂ ਵਾਹਨਾਂ ਦੀ ਰਜਿਸਟਰੇਸ਼ਨ ਪਬਲਿਕ ਕੈਰੀਅਰ ਵਜੋਂ ਹੋਣੀ ਚਾਹੀਦੀ ਹੈ ਅਤੇ ਇਹਨਾਂ ਦੀ ਵਰਤੋਂ ਵਪਾਰਕ ਤੌਰ ਤੇ ਹੋਣੀ ਚਾਹੀਦੀ ਹੈ।ਇਸ ਲਈ ਵੱਧ ਤੋਂ ਵੱਧ ਕਰਜ਼ਾ 6,00,000/- ਰੁਪਏ ਤੱਕ ਦਿੱਤਾ ਜਾਂਦਾ ਹੈ। ਇਸ ਦੀ ਵਿਆਜ਼ ਦਰ 2,00,000/- ਰੁਪਏ ਤੱਕ 12.50 ਪ੍ਰਤੀਸ਼ਤ ਤਿਮਾਹੀ ਅਤੇ ਇਸ ਤੋਂ ਵੱਧ 13 ਪ੍ਰਤੀਸ਼ਤ ਤਿਮਾਹੀ ਹੈ।

**(ੲ) ਨਿੱਜੀ ਵਾਹਨ**

ਇਸ ਸਕੀਮ ਅਧੀਨ ਕਿਸੀ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਪਾਰਟਨਰਸ਼ਿਪ ਫਰਮ ਨੂੰ ਨਿੱਜੀ ਵਰਤੋਂ ਲਈ ਨਵੀਂ ਕਾਰ, ਸੂਮੋ ਅਤੇ ਜੀਪ ਆਦਿ ਖਰੀਦਣ ਲਈ ਕਰਜ਼ੇ ਦਿੱਤੇ ਜਾਂਦੇ ਹਨ।ਕਰਜ਼ੇ ਦੀ ਵੱਧ ਤੋਂ ਵੱਧ ਰਕਮ 6,00,000/- ਰੁਪਏ ਹੈ।ਕਰਜ਼ੇ ਲੈਣ ਵਾਲੇ ਨੂੰ ਖਰੀਦੀਆਂ ਵਸਤਾਂ ਦੇ ਮੁੱਲ ਦਾ 5ਵਾਂ ਹਿੱਸਾ ਮਾਰਜਮਨੀ ਦੇ ਤੌਰ ਤੇ ਆਪਣੇ ਪਾਸੋਂ ਜਮ੍ਹਾਂ ਕਰਵਾਉਣਾ ਪਵੇਗਾ। ਇਸ ਸਕੀਮ ਅਧੀਨ 2,00,000/- ਰੁਪਏ ਤੱਕ ਵਿਆਜ਼ ਦਰ 11 ਪ੍ਰਤੀਸ਼ਤ ਅਤੇ ਇਸ ਤੋਂ ਵੱਧ 11.5 ਪ੍ਰਤੀਸ਼ਤ ਹੈ।

**(ਸ) ਵਿਦਿਆਰਥੀਆਂ ਨੂੰ ਕਿੱਤਾ ਮੁੱਖੀ ਕੋਰਸਾਂ ਲਈ ਕਰਜ਼ੇ**

ਇਸ ਸਕੀਮ ਅਧੀਨ ਵਿਦਿਆਰਥੀਆਂ ਨੂੰ ਕਿੱਤਾ ਮੁੱਖੀ ਕੋਰਸਾਂ ਲਈ ਭਾਰਤ ਜਾਂ ਭਾਰਤ ਤੋਂ ਬਾਹਰ 5,00,000/- ਰੁਪਏ ਤੋਂ 10,00,000/- ਰੁਪਏ ਤੱਕ ਕਰਜ਼ਾ ਦੇਣ ਦੀ ਸਹੂਲਤ ਹੈ।ਇਸ ਦੀ ਵਿਆਜ਼ ਦਰ 2,00,000/- ਰੁਪਏ ਤੱਕ 11.5 ਪ੍ਰਤੀਸ਼ਤ ਸਲਾਨਾ ਅਤੇ ਇਸ ਤੋਂ ਵੱਧ 12 ਪ੍ਰਤੀਸ਼ਤ ਸਲਾਨਾ ਹੈ।

**(ਹ) ਸਹਿਕਾਰੀ ਸ਼ਹਿਰੀ ਅਵਾਸ ਯੋਜਨਾ**

ਬੈਂਕ ਨੇ ਸਹਿਕਾਰੀ ਸ਼ਹਿਰੀ ਅਵਾਸ ਯੋਜਨਾ ਨਾਂ ਦੀ ਨਵੀਂ ਸਕੀਮ ਸ਼ੁਰੂ ਕੀਤੀ ਹੈ। ਇਸ ਸਕੀਮ ਅਧੀਨ ਸ਼ਹਿਰੀ ਖੇਤਰ ਵਿੱਚ ਮਕਾਨ ਬਣਾਉਣ ਲਈ, ਬਣਿਆ ਬਣਾਇਆ ਖਰੀਦਣ ਲਈ, ਪਲਾਟ ਖਰੀਦਣ ਵਾਸਤੇ, ਮੌਜੂਦਾ ਮਕਾਨ ਦੀ ਮੁਰੰਮਤ ਕਰਨ ਵਾਸਤੇ ਜਾਂ ਵਿਸਥਾਰ ਕਰਨ ਵਾਸਤੇ ਪੁੱਡਾ ਜਾਂ ਸਹਿਕਾਰੀ ਹਾਊਸ ਬਿਲਡਿੰਗ ਸਭਾ ਦੇ ਮੰਨਜੂਰਸ਼ੁਦਾ ਸਕੀਮ ਤਹਿਤ ਫਲੈਟ ਖਰੀਦਣ ਵਾਸਤੇ ਕਰਜ਼ੇ ਦਿੱਤੇ ਜਾਂਦੇ ਹਨ।ਕੋਈ ਵੀ ਵਿਅਕਤੀ ਜਾਂ ਗਰੁੱਪ ਹਾਊਸਿੰਗ ਸੁਸਾਇਟੀ ਦਾ ਮੈਂਬਰ ਜਿਸ ਕੋਲ ਆਮਦਨ ਦਾ ਰੈਗੂਲਰ ਸਰੋਤ ਹੋਵੇ ਅਤੇ ਬੈਂਕ ਦੇ ਕਾਰੋਬਾਰ ਖੇਤਰ ਵਿਚ ਰਹਿੰਦਾ ਹੈ, ਇਸ ਸਕੀਮ ਦਾ ਲਾਭ ਉਠਾ ਸਕਦਾ ਹੈ। ਜੇਕਰ ਲਾਭ ਪਾਤਰ ਸਰਵਿਸ ਕਰਦਾ ਹੋਵੇ ਤਾਂ ਉਸ ਦੀ ਸਰਵਿਸ ਪੰਜ ਸਾਲ ਤੱਕ ਦੀ ਜ਼ਰੂਰ ਬਾਕੀ ਹੋਣੀ ਚਾਹੀਦੀ ਹੈ।ਕਰਜ਼ੇ ਦੀ ਰਕਮ ਵੱਧ ਤੋਂ ਵੱਧ ਪੰਜ ਲੱਖ ਰੁਪਏ ਹੈ। ਇਸ ਦੀ ਵਿਆਜ਼ ਦਰ 2,00,000/-ਰੁਪਏ ਤੱਕ 10 ਪ੍ਰਤੀਸ਼ਤ ਤਿਮਾਹੀ ਅਤੇ ਇਸ ਤੋਂ ਵੱਧ 10.5 ਪ੍ਰਤੀਸ਼ਤ ਤਿਮਾਹੀ ਹੈ।ਕਰਜ਼ੇ ਦੀ ਵਾਪਸੀ 15 ਸਾਲਾਂ ਜਾਂ 65 ਸਾਲ ਦੀ ਉਮਰ ਜੋ ਵੀ ਘੱਟ ਹੋਵੇ ਜਾਂ ਪਹਿਲਾਂ ਆਵੇ ਤੱਕ ਕੀਤੀ ਜਾਣੀ ਹੈ।

**(ਕ) ਪੇਂਡੂ ਮਕਾਨ ਉਸਾਰੀ ਯੋਜਨਾ**

ਇਸ ਸਕੀਮ ਅਧੀਨ ਦਿਹਾਤੀ ਖੇਤਰ ਵਿਚ ਮਕਾਨ ਬਣਾਉਣ, ਖਰੀਦਣ ਅਤੇ ਮੁਰੰਮਤ ਕਰਨ ਲਈ ਕਰਜ਼ਾ ਦੇਣ ਦੀ ਸਹੂਲਤ ਹੈ।ਕੋਈ ਵੀ ਵਿਅਕਤੀ ਜਿਸ ਕੋਲ ਆਮਦਨ ਦਾ ਰੈਗੂਲਰ ਸਾਧਨ ਹੋਵੇ ਅਤੇ ਬੈਂਕ ਦੇ ਕਾਰੋਬਾਰ ਦੇ ਖੇਤਰ ਵਿੱਚ ਰਹਿੰਦਾ ਹੋਵੇ ਇਸ ਸਕੀਮ ਦਾ ਲਾਭ ਉਠਾ ਸਕਦਾ ਹੈ।ਕਰਜ਼ੇ ਦੀ ਰਕਮ ਵੱਧ ਤੋਂ ਵੱਧ 5,00,000/- ਰੁਪਏ ਅਤੇ ਮਕਾਨ ਮੁਰੰਮਤ ਆਦਿ ਵਾਸਤੇ 1,00,000/- ਰੁਪਏ ਹੈ। ਵਿਆਜ਼ ਦੀ ਦਰ 2,00,000/- ਰੁਪਏ ਤੱਕ 10 ਪ੍ਰਤੀਸ਼ਤ ਤਿਮਾਹੀ ਅਤੇ ਇਸ ਤੋਂ ਵੱਧ 10.5 ਪ੍ਰਤੀਸ਼ਤ ਤਿਮਾਹੀ ਹੈ।ਕਰਜ਼ੇ ਦੀ ਵਾਪਸੀ ਦਾ ਸਮਾਂ 15 ਸਾਲ ਅਤੇ ਮੁਰੰਮਤ ਆਦਿ ਵਾਸਤੇ 7 ਸਾਲ ਹੈ।

**5. ਤਨਖਾਹਦਾਰ ਮੁਲਾਜ਼ਮਾਂ ਲਈ ਕਰਜ਼ੇ**

ਇਸ ਸਕੀਮ ਅਧੀਨ ਸਰਕਾਰੀ ਜਾਂ ਪ੍ਰਾਈਵੇਟ ਸੈਕਟਰ ਦੇ ਕਰਮਚਾਰੀ ਜਿਥੇ ਪ੍ਰੋਵੀਡੈਂਟ ਫੰਡ ਲਾਗੂ ਹੋਵੇ, ਘਰੇਲੂ ਜ਼ਰੂਰੀ ਵਸਤਾਂ ਖਰੀਦਣ ਵਾਸਤੇ ਕਰਜ਼ਾ ਲੈ ਸਕਦੇ ਹਨ। ਇਸ ਦੀ ਵਿਆਜ਼ ਦਰ 13 ਪ੍ਰਤੀਸ਼ਤ ਸਲਾਨਾ ਹੈ। ਇਸ ਸਕੀਮ ਅਧੀਨ ਘੱਟ ਤੋਂ ਘੱਟ 25,000/- ਰੁਪਏ ਅਤੇ ਵੱਧ ਤੋਂ ਵੱਧ 50,000/- ਰੁਪਏ ਕਰਜ਼ਾ ਲਿਆ ਜਾ ਸਕਦਾ ਹੈ।

6. **ਕਿਸਾਨਾਂ ਲਈ ਦੋ ਪਹੀਏ ਵਾਲਾ ਵਾਹਨ ਖਰੀਦਣ ਲਈ ਕਰਜ਼ੇ**

ਇਸ ਸਕੀਮ ਅਧੀਨ ਜੋ ਕਿਸਾਨ ਪਿਛਲੀਆਂ ਦੋ ਫਸਲਾਂ ਦੇ ਕਰਜ਼ੇ ਦਾ ਡਫਾਲਟਰ ਨਾ ਹੋਵੇ ਦੋ ਪਹੀਆ ਵਾਹਨ ਖਰੀਦਣ ਲਈ 50,000/- ਰੁਪਏ ਤੱਕ ਕਰਜ਼ਾ ਲੈ ਸਕਦਾ ਹੈ, ਜਿਸ ਦੀ ਸਲਾਨਾ ਵਿਆਜ਼ ਦਰ 11 ਪ੍ਰਤੀਸ਼ਤ ਹੈ।

7. **ਮਿੰਨੀ ਡੇਅਰੀ ਲਈ ਕਰਜ਼ੇ**

ਇਸ ਸਕੀਮ ਅਧੀਨ ਦੁੱਧ ਉਤਪਾਦਕ ਸਹਿਕਾਰੀ ਸਭਾ ਅਤੇ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਮੈਂਬਰ ਜਿਨ੍ਹਾਂ ਕੋਲ ਪਸ਼ੂ ਪਾਲਣ ਦਾ ਤਜਰਬਾ ਹੋਵੇ, ਚੰਗੀ ਨਸਲ ਦੇ ਪਸ਼ੂਆਂ ਦਾ ਡੇਅਰੀ ਫਾਰਮ ਸਥਾਪਿਤ ਕਰਨ ਲਈ ਕਰਜ਼ੇ ਲੈ ਸਕਦੇ ਹਨ। ਇਸ ਮੰਤਵ ਲਈ ਇਕ ਦੁਧਾਰੂ ਪਸ਼ੂ ਵਾਸਤੇ ਵੱਧ ਤੋਂ ਵੱਧ 15,000/- ਰੁਪਏ ਦਾ ਅਸਲ ਕੀਮਤ ਜੋ ਵੀ ਘੱਟ ਹੋਵੇ ਕਰਜ਼ਾ ਦਿੱਤਾ ਜਾਂਦਾ ਹੈ। ਇਸ ਲਈ ਪਸ਼ੂਆਂ ਦੇ ਮੁੱਲ ਦਾ 15 ਪ੍ਰਤੀਸ਼ਤ ਹਿੱਸਾ ਲਾਭਪਾਤਰੀ ਨੂੰ ਆਪਣੇ ਕੋਲੋਂ ਜਮ੍ਹਾਂ ਕਰਵਾਉਣਾ ਪੈਂਦਾ ਹੈ। ਇਸ ਦੀ ਵਿਆਜ਼ ਦੀ ਦਰ 12.5 ਪ੍ਰਤੀਸ਼ਤ ਸਲਾਨਾ ਹੈ।

8. **ਪਰਸਨਲ ਲੋਨ**

ਇਸ ਸਕੀਮ ਅਧੀਨ ਕੋ-ਅਪਰੇਟਿਵ ਅਤੇ ਸਹਿਕਾਰੀ ਅਦਾਰਿਆਂ ਵਿਚ ਕੰਮ ਕਰ ਰਹੇ ਮੁਲਾਜ਼ਮਾਂ ਨੂੰ 1,00,000/- ਰੁਪਏ ਤੱਕ ਪਰਸਨਲ ਲੋਨ ਵਜੋਂ ਮਿਆਦੀ ਕਰਜ਼ਾ ਦਿੱਤਾ ਜਾਂਦਾ ਹੈ, ਜਿਸ ਨਾਲ ਉਹ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਪੂਰੀਆਂ ਕਰ ਸਕਦੇ ਹਨ। ਇਸ ਲਈ ਵੱਧ ਤੋਂ ਵੱਧ 1,00,000/- ਰੁਪਏ ਕਰਜ਼ਾ ਦਿੱਤਾ ਜਾਂਦਾ ਹੈ, ਜਿਸ ਤੇ ਵਿਆਜ਼ ਦੀ ਦਰ 13 ਪ੍ਰਤੀਸ਼ਤ ਸਲਾਨਾ ਹੈ।

9. **ਐਨ.ਆਰ.ਆਈ. ਅਕਾਊਂਟ**

ਪਿਛਲੇ ਦੋ ਸਾਲਾਂ ਤੋਂ ਰਿਜ਼ਰਵ ਬੈਂਕ ਨੇ ਇਸ ਬੈਂਕ ਨੂੰ ਪ੍ਰਵਾਸੀ ਭਾਰਤੀਆਂ ਦੇ ਭਾਰਤੀ ਮੁਦਰਾ ਵਿੱਚ ਖਾਤੇ ਖੋਲ੍ਹਣ ਦੀ ਛੇ ਬਰਾਂਚਾਂ ਨੂੰ ਆਗਿਆ ਦਿੱਤੀ ਹੈ।

10. **ਸਹਿਕਾਰੀ ਬੈਂਕ ਬੀਮਾ ਯੋਜਨਾ**

ਬੈਂਕ ਨੇ ਜੂਨ 1999 ਤੋਂ ਆਪਣੇ ਅਮਾਨਤਦਾਰਾਂ ਲਈ ਨਵੀਂ ਬੀਮਾ ਯੋਜਨਾ ਸਕੀਮ ਸ਼ੁਰੂ ਕੀਤੀ ਹੈ। ਇਸ ਸਕੀਮ ਅਧੀਨ ਕੋਈ ਵੀ ਅਮਾਨਤਦਾਰ 1100/- ਰੁਪਏ ਨਵਾਂ ਸੇਵਿੰਗ ਖਾਤਾ ਖੋਲ੍ਹ ਕੇ ਜਾਂ ਆਪਣੇ ਮੌਜੂਦਾ ਖਾਤੇ ਵਿਚ ਘੱਟ ਤੋਂ ਘੱਟ 1100/- ਰੁਪਏ ਰੱਖ ਕੇ ਸਕੀਮ ਦਾ ਲਾਭ ਉਠਾ ਸਕਦਾ ਹੈ। ਬੀਮੇ ਦੀ ਪ੍ਰੀਮੀਅਮ ਦੀ ਦਰ 40/- ਰੁਪਏ ਪ੍ਰਤੀ ਸਲਾਨਾ ਹੈ ਜੋ ਕਿ ਖਾਤੇ ਵਿਚ ਜਮ੍ਹਾਂ ਰਕਮ ਦੇ ਵਿਆਜ ਤੋਂ ਹੀ ਪੂਰੀ ਹੋ ਜਾਂਦੀ ਹੈ ਅਤੇ ਅਮਾਨਤਦਾਰ ਨੂੰ ਨਗਦ ਪ੍ਰੀਮੀਅਮ ਜਮ੍ਹਾਂ ਕਰਾਉਣ ਦੀ ਕੋਈ ਲੋੜ ਨਹੀਂ ਰਹਿੰਦੀ ਅਤੇ ਅਮਾਨਤਦਾਰ ਦੀ ਦੁਰਘਟਨਾ ਵਿਚ ਮੌਤ ਹੋ ਜਾਣ ਜਾਂ ਪੂਰੀ ਤਰ੍ਹਾਂ ਨਕਾਰਾ ਹੋ ਜਾਣ ਦੀ ਸੂਰਤ ਵਿਚ ਅਮਾਨਤਦਾਰਾਂ ਦੇ ਵਾਰਿਸਾਂ ਨੂੰ ਬੈਂਕ ਵਲੋਂ 1 ਲੱਖ ਰੁਪਏ ਬੀਮੇ ਦੀ ਰਕਮ ਵਜੋਂ ਦਿੱਤਾ ਜਾਂਦਾ ਹੈ।

11. **ਹੋਰ ਸਹੂਲਤਾਂ**

ਉਪਰੋਕਤ ਸਹੂਲਤਾਂ ਤੋਂ ਇਲਾਵਾ ਬੈਂਕ ਵਲੋਂ ਆਪਣੇ ਅਮਾਨਤਦਾਰਾਂ ਨੂੰ ਲਾਕਰ ਦੀ ਸਹੂਲਤ, ਅਮਾਨਤਦਾਰਾਂ ਵਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਨ, ਬਿੱਲ ਅਤੇ ਡਰਾਫਟਾਂ ਦੀ ਵਸੂਲੀ ਕਰਕੇ ਉਹਨਾਂ ਦੇ ਖਾਤੇ ਵਿਚ ਜਮ੍ਹਾਂ ਕਰਨ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।